Washington State Department of Social & Health Services

Transforming lives

ਦਸੰਬਰ 2023

# ਚਿਲਡ੍ਰਨ'ਸ ਇੰਟੈਂਸਿਵ ਇਨ-ਹੋਮ ਬਿਹੇਵੀਅਰਲ ਸਪੋਰਟ

## ਸੰਖੇਪ ਜਾਣਕਾਰੀ

ਚਿਲਡ੍ਰਨ'ਸ ਇੰਟੈਂਸਿਵ ਇਨ-ਹੋਮ ਬਿਹੇਵੀਅਰਲ ਸਪੋਰਟ ਸਬੰਧੀ ਛੋਟ, DSHS ਵਿਕਾਸ ਸਬੰਧੀ ਅਪੰਗਤਾ (ਅਸਮਰੱਥਾ) ਬਾਰੇ ਪ੍ਰਸ਼ਾਸਨ (DSHS Developmental Disabilities Administration) ਦੀਆਂ ਪੰਜ ਸੰਘ ਦੀ ਘਰ ਅਤੇ ਭਾਈਚਾਰਕ ਆਧਾਰਿਤ ਸੇਵਾਵਾਂ ਛੋਟਾਂ ਵਿੱਚੋਂ ਇੱਕ ਹੈ।

CIIBS ਬਾਰੇ ਛੋਟ ਚੁਣੌਤੀਪੂਰਨ ਵਿਵਹਾਰਾਂ ਦੇ ਕਾਰਨ ਘਰ ਤੋਂ ਬਾਹਰ ਪਲੇਸਮੈਂਟ ਦੇ ਉੱਚ ਜੋਖਮ ਵਾਲੇ ਬੱਚਿਆਂ ਦੀ ਸਹਾਇਤਾ ਕਰਦੀ ਹੈ ਅਤੇ ਉਹਨਾਂ ਨੂੰ ਆਪਣੇ ਪਰਿਵਾਰਾਂ ਨਾਲ ਘਰ ਵਿੱਚ ਚੰਗੀ ਤਰ੍ਹਾਂ ਰਹਿਣ ਵਿੱਚ ਮਦਦ ਵੀ ਕਰਦੀ ਹੈ। ਇਸਦਾ ਟੀਚਾ ਪਰਿਵਾਰਾਂ ਲਈ ਸਹਾਇਤਾ ਨੂੰ ਬਿਹਤਰ ਬਣਾਉਣਾ ਅਤੇ ਪਰਿਵਾਰਕ ਘਰ ਅਤੇ ਭਾਈਚਾਰੇ ਵਿੱਚ ਉਹਨਾਂ ਦੇ ਬੱਚੇ ਦੀ ਸਫਲਤਾ ਨੂੰ ਮਜ਼ਬੂਤ ਕਰਨਾ ਹੈ।

ਵਿਅਕਤੀਗਤ ਸਹਾਇਤਾ ਯੋਜਨਾ ਸਹਿਯੋਗੀ ਅਤੇ ਟੀਮ ਆਧਾਰਿਤ ਹੈ। ਪਰਿਵਾਰ ਦੇ ਮੈਂਬਰ, ਮਿੱਤਰ, ਸੇਵਾ ਪ੍ਰਦਾਤਾ, ਸਕੂਲ ਸਟਾਫ਼ ਅਤੇ ਬੱਚੇ ਅਤੇ ਪਰਿਵਾਰ ਦੇ ਜੀਵਨ ਵਿੱਚ ਮਹੱਤਵਪੂਰਨ ਹੋਰ ਲੋਕ ਹਰੇਕ ਬੱਚੇ ਅਤੇ ਪਰਿਵਾਰ ਦੀ ਟੀਮ ਵਿੱਚ ਸ਼ਾਮਿਲ ਹੁੰਦੇ ਹਨ। ਸ਼ਕਤੀਆਂ 'ਤੇ ਯੋਜਨਾਬੰਦੀ ਸਿਰਜਿਤ ਹੁੰਦੀ ਹੈ ਅਤੇ ਪਰਿਵਾਰ ਦੁਆਰਾ ਸੰਚਾਲਿਤ ਨਤੀਜਿਆਂ ਵੱਲ ਕੰਮ ਕਰਦੀ ਹੈ।

## ਬਜਟ

CIIBS ਛੋਟ ਦੀ ਸਮਰੱਥਾ 200 ਵਿਅਕਤੀਆਂ ਤੱਕ ਦੀ ਹੈ। ਸਟੇਟ ਦੇ FY23 ਵਿੱਚ, 167 ਵਿਅਕਤੀਆਂ ਨੂੰ CIIBS ਛੋਟ 'ਤੇ ਪ੍ਰਤੀ ਮਹੀਨਾ $2,065 ਦੀ ਔਸਤ ਕੀਮਤ 'ਤੇ ਸੇਵਾ ਦਿੱਤੀ ਗਈ ਸੀ।

ਮੁਲਾਂਕਣ ਕੀਤੇ ਕਲਾਇੰਟ ਦੀ ਲੋੜ ਨੂੰ ਪੂਰਾ ਕਰਨ ਵਾਸਤੇ ਲੋੜੀਂਦਾਂ ਸੇਵਾਵਾਂ ਦੇ ਕਿਸੇ ਵੀ ਸੁਮੇਲ ਲਈ ਬੌਧਿਕ ਅਸਮਰਥਤਾਵਾਂ ਵਾਲੇ ਵਿਅਕਤੀਆਂ ਲਈ ਇੰਟਰਮੀਡੀਏਟ ਸੰਭਾਲ ਸਹੂਲਤ ਦੀ ਔਸਤ ਲਾਗਤ ਤੱਕ ਛੋਟਾਂ ਸੀਮਿਤ ਹੁੰਦੀਆਂ ਹਨ। DDA ਫੰਡਾਂ ਦੀ ਘਾਟ ਦੇ ਕਾਰਨ ਛੋਟ ਵਾਲੇ ਲੋਕਾਂ ਨੂੰ ਸੇਵਾਵਾਂ ਦੇਣ ਤੋਂ ਇਨਕਾਰ ਨਹੀਂ ਕਰ ਸਕਦੇ, ਇਸ ਲਈ ਛੋਟ ਦੇ ਖਰਚਿਆਂ ਦੀ ਨਿਗਰਾਨੀ ਧਿਆਨ ਨਾਲ ਕੀਤੀ ਜਾਂਦੀ ਹੈ।



## ਯੋਗਤਾ

DDA ਦੇ ਕਲਾਇੰਟ ਜੋ 8 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ ਅਤੇ ਸ਼ੁਰੂਆਤੀ ਪੰਜੀਕਰਣ ਵਾਸਤੇ 18 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਪੰਜੀਕਰਣ ਜਾਰੀ ਰਹਿਣ ਲਈ 21 ਸਾਲ ਤੋਂ ਘੱਟ ਉਮਰ ਦੇ ਹਨ ਅਤੇ:

- ਸਮਾਜਕ ਸੁਰੱਖਿਆ ਅਸਮਰੱਥਾ (ਅਪਾਹਜਤਾ) ਮਾਪਦੰਡ ਨੂੰ ਪੂਰਾ ਕਰਦੇ ਹਨ।
- ਸੰਭਾਲ ਦੇ ਸੰਸਥਾਗਤ ਮਾਪਦੰਡ ਨੂੰ ਪੂਰਾ ਕਰਦੇ ਹਨ।
- Washington ਦੇ ਐਪਲ ਹੈਲਥ (Apple Health of Washington) ਦੇ ਆਮਦਨ ਅਤੇ ਸਰੋਤ ਮਿਆਰਾਂ ਨੂੰ ਪੂਰਾ ਕਰਦੇ ਹਨ। (ਕਲਾਇੰਟ ਦੀ ਆਮਦਨ ਅਤੇ ਸਰੋਤਾਂ ਦੇ ਆਧਾਰਿਤ।)
- ਅਮਰੀਕਾ ਦੇ ਨਾਗਰਿਕ ਜਾਂ ਸੰਘੀ ਤੌਰ 'ਤੇ ਯੋਗ ਕਾਨੂੰਨੀ ਨਿਵਾਸੀ ਹਨ।
- ਜਿਹਨਾਂ ਦੇ ਕੋਲ DDA ਮੁਲਾਂਕਣ ਅਤੇ ਵਿਅਕਤੀ-ਕੇਂਦਰਿਤ ਸੇਵਾ ਯੋਜਨਾ ਹੈ ਜੋ ਦੱਸਦੀ ਹੈ ਕਿ ਬੱਚੇ ਦੀ ਸਿਹਤ, ਸੁਰੱਖਿਆ ਅਤੇ ਆਵਾਸ ਲੋੜਾਂ ਨੂੰ ਭਾਈਚਾਰੇ ਵਿੱਚ ਕਿਵੇਂ ਪੂਰਾ ਕੀਤਾ ਜਾਵੇਗਾ।
- ਜੋ ਸੰਸਥਾਗਤ ਸੇਵਾਵਾਂ ਦੇ ਵਿਕਲਪ ਵਜੋਂ ਘਰ ਅਤੇ ਭਾਈਚਾਰਕ-ਆਧਾਰਿਤ ਸੇਵਾਵਾਂ ਅਤੇ CIIBS ਸੇਵਾ ਡਿਲੀਵਰੀ ਮਾਡਲ ਨੂੰ ਸਵੀਕਾਰ ਕਰਨ ਲਈ ਸਹਿਮਤ ਹੋਏ ਹਨ।
- ਜਿਹਨਾਂ ਦਾ ਪ੍ਰੋਗਰਾਮ ਵਿੱਚ ਪੰਜੀਕਰਣ ਤੋਂ ਪਹਿਲਾਂ ਚੁਣੌਤੀਪੂਰਨ ਵਿਵਹਾਰ ਦੇ ਕਾਰਨ ਘਰ ਤੋਂ ਬਾਹਰ ਪਲੇਸਮੈਂਟ ਦੇ ਉੱਚ ਜਾਂ ਗੰਭੀਰ ਜੋਖਮ 'ਤੇ ਮੁਲਾਂਕਣ ਕੀਤਾ ਗਿਆ ਹੈ।
- ਜੋ ਆਪਣੇ ਪਰਿਵਾਰ ਨਾਲ ਰਹਿੰਦੇ ਹਨ।

ਸੰਪਰਕ: ਐਨ ਵੈਸੀਲੇਵ (Ann Vasilev), *ਮੁੱਖ, ਪ੍ਰੋਗਰਾਮ ਅਤੇ ਪਾਲਿਸੀ ਵਿਕਾਸ ਬਾਰੇ DDA ਦਫ਼ਤਰ* • Ann.Vasilev@dshs.wa.gov • 360-407-1567
ਹੋਰ ਜਾਣਕਾਰੀ ਲਈ ਇੱਥੇ ਜਾਓ: https://www.dshs.wa.gov/dda/

## ਗੁਣਵੱਤਾ ਭਰੋਸੇ ਦੀ ਨਿਗਰਾਨੀ

### ਬਾਹਰੀ

- Medicare ਅਤੇ Medicaid ਸੇਵਾਵਾਂ ਲਈ ਕੇਂਦਰ।
- ਨੈਸ਼ਨਲ ਕੋਰ ਇੰਡੀਕੇਟਰ ਪ੍ਰੋਜੈਕਟ।
- Washington ਸਟੇਟ ਦਾ ਆਡੀਟਰ ਬਾਰੇ ਦਫ਼ਤਰ।
- Washington ਸਟੇਟ ਦਾ ਸਿਹਤ ਬਾਰੇ ਵਿਭਾਗ (Washington State Department of Health)

### ਅੰਦਰੂਨੀ

- ਪ੍ਰੋਗਰਾਮ ਅਤੇ ਪਾਲਿਸੀ ਵਿਕਾਸ ਬਾਰੇ DDA ਦਫ਼ਤਰ।
- ਗੁਣਵੱਤਾ, ਪਾਲਣਾ ਅਤੇ ਸਿਖਲਾਈ ਬਾਰੇ DDA ਦਫ਼ਤਰ।
- ਪ੍ਰਦਾਤਾ ਪਾਲਣਾ ਅਤੇ ਪਰਿਵਰਤਨ ਗੁਣਵੱਤਾ ਭਰੋਸੇ ਬਾਰੇ DDA ਦਫ਼ਤਰ।

## ਰੇਟ

ਛੋਟ ਸੇਵਾਵਾਂ ਬਹੁਤ ਸਾਰੇ ਵੱਖ-ਵੱਖ ਇਕਰਾਰਨਾਮੇ ਵਾਲੇ ਸੇਵਾ ਪ੍ਰਦਾਤਾਵਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਦੇ ਰੇਟ ਪੇਸ਼ ਕੀਤੀ ਗਈ ਸੇਵਾ 'ਤੇ ਨਿਰਭਰ ਹੁੰਦੇ ਹਨ। ਸੇਵਾ ਦੇ ਰੇਟ ਇੱਥੇ ਲੱਭੇ ਜਾ ਸਕਦੇ ਹਨ: https://www.dshs.wa.gov/altsa/management- services-division/office-rates-management

## ਪਾਰਟਨਰ

- ਸੇਵਾਵਾਂ ਪ੍ਰਾਪਤ ਕਰਨ ਵਾਲੇ ਵਿਅਕਤੀ।
- ਪਰੋਗ੍ਰਾਮ ਭਾਗੀਦਾਰਾਂ ਦੇ ਪਰਿਵਾਰ।
- DSHS ਬੁਢੇਪਾ ਅਤੇ ਲੰਮੀ-ਮਿਆਦ ਦੀ ਸਹਾਇਤਾ ਬਾਰੇ ਪ੍ਰਸ਼ਾਸਨ।
- Washington ਸਟੇਟ ਦਾ ਬੱਚਿਆਂ, ਨੌਜੁਆਨਾਂ ਅਤੇ ਪਰਿਵਾਰਾਂ ਬਾਰੇ ਵਿਭਾਗ (Washington State Department of Children, Youth, and Families)।
- ਆਰਕ ਆਫ਼ Washington ਸਟੇਟ
- ਵਿਕਾਸ ਸਬੰਧੀ ਅਪੰਗਤਾ (ਅਸਮਰੱਥਾ) ਬਾਰੇ ਓਮਬਡੱਸ ਦਾ ਦਫ਼ਤਰ।
- Washington ਦੇ ਅਪੰਗਤਾ (ਅਸਮਰੱਥਾ) ਬਾਰੇ ਅਧਿਕਾਰ।
- ਸੇਵਾ ਪ੍ਰਦਾਤਾਵਾਂ।
- Washington ਸਟੇਟ ਦੀ ਵਿਕਾਸ ਸਬੰਧੀ ਅਪੰਗਤਾ (ਅਸਮਰੱਥਾ) ਬਾਰੇ ਕਾਉਂਸਿਲ (Washington State Developmental Disabilities Council)।

## ਸੇਵਾਵਾਂ ਵਿੱਚ ਸ਼ਾਮਿਲ

- ਸਹਾਇਕ ਤਕਨਾਲੋਜੀ।
- ਮਾਹੌਲ ਨੂੰ ਅਨੁਕੂਲ ਬਣਾਉਣਾ।
- ਇਕੁਆਇਨ ਥੈਰੇਪੀ।
- ਸੰਗੀਤ ਥੈਰੇਪੀ।
- ਨਰਸ ਡੈਲੀਗੇਸ਼ਨ।
- ਪੀਅਰ ਸਲਾਹਕਾਰ।
- ਵਿਅਕਤੀ-ਕੇਂਦਰਿਤ ਯੋਜਨਾ ਦੀ ਸਹੂਲਤ।
- ਅਰਾਮ ਕਰਨਾ (ਰੈਸਪਾਈਟ)।
- ਜੋਖਮ ਦਾ ਮੁਲਾਂਕਣ।
- ਵਿਸ਼ੇਸ਼ ਕੱਪੜੇ।
- ਵਿਸ਼ੇਸ਼ ਉਪਕਰਨ ਅਤੇ ਸਪਲਾਈ।
- ਵਿਸ਼ੇਸ਼ ਆਵਾਸ।
- ਸਥਿਰੀਕਰਨ ਸੇਵਾਵਾਂ - ਵਿਸ਼ੇਸ਼ ਰਿਹਾਇਸ਼।
- ਸਥਿਰੀਕਰਨ ਸੇਵਾਵਾਂ – ਸਟਾਫ ਅਤੇ ਪਰਿਵਾਰਕ ਸਲਾਹ।
- ਸਥਿਰੀਕਰਨ ਸੇਵਾਵਾਂ - ਸੰਕਟ ਡਾਇਵਰਸ਼ਨ ਬੈੱਡ।
- ਸਟਾਫ ਅਤੇ ਪਰਿਵਾਰਕ ਸਲਾਹ।
- ਉਪਚਾਰ ਸਬੰਧੀ ਅਨੁਕੂਲਨ।
- ਟ੍ਰਾਂਸਪੋਰਟੇਸ਼ਨ।
- ਵਾਹਨ ਸੋਧਣਾ।

## ਅਥਾਰਿਟੀ

- ਸੋਸ਼ਲ ਸਕਿਊਰਿਟੀ ਐਕਟ ਦੀ ਧਾਰਾ 1915(c) ਦੇ ਤਹਿਤ ਸੰਘੀ ਵਿੱਤੀ ਪੋਸ਼ਣ, ਘਰ ਅਤੇ ਭਾਈਚਾਰਕ ਆਧਾਰਿਤ ਸੇਵਾਵਾਂ ਦੀ ਛੋਟ ਅਤੇ ਸਟੇਟ ਵਿੱਤ ਪੋਸ਼ਣ।
- ਚੈਪਟਰ 71A RCW, ਵਿਕਾਸ ਸਬੰਧੀ ਅਪੰਗਤਾ (ਅਸਮਰੱਥਾ)।
- ਚੈਪਟਰ 388-845 WAC, DDA ਹੋਮ ਅਤੇ ਕਮਿਉਨਿਟੀ-ਆਧਾਰਿਤ ਸੇਵਾਵਾਂ ਬਾਰੇ ਛੋਟਾਂ